This question paper contains 2 printed pages]

**Roll No.** | | | | | | | | | | | |

S. No. of Question Paper : **47**

Unique Paper Code : **212382**

**F**

Name of the Paper : **Punjabi B**

Name of the Course : **B.Com. (Prog)**

Semester : **III**

Duration : **3 Hours**

Maximum Marks : **75**

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਆਧੁਨਿਕ ਪੰਜਾਬੀ ਕਵਿਤਾ ਦੀ ਪਰਿਭਾਸ਼ਾ ਦੱਸਦੇ ਹੋਏ, ਇਸਦੇ ਮੁੱਖ ਤੱਤਾਂ ਬਾਰੇ ਵਿਚਾਰ ਕਰੋ। (10)

**ਜਾਂ**

'ਆਧੁਨਿਕਤਾ ਦੇ ਸੰਕਲਪ' ਨੂੰ ਸਪੱਸ਼ਟ ਕਰਦੇ ਹੋਏ, ਪੰਜਾਬੀ ਕਵਿਤਾ ਦੇ ਵਿਕਾਸ ਬਾਰੇ ਚਰਚਾ ਕਰੋ।

2. (ੳ) ਭਾਈ ਵੀਰ ਸਿੰਘ ਰਚਿਤ 'ਬਨਫ਼ਸ਼ੇ ਦਾ ਫੁੱਲ' ਕਵਿਤਾ ਦਾ ਆਲੋਚਨਾਤਮਕ ਸਾਰ ਆਪਣੇ ਸ਼ਬਦਾਂ ਵਿਚ ਲਿਖੋ। (10)

**ਜਾਂ**

'ਤਾਜ ਮਹੱਲ' ਕਵਿਤਾ ਵਿਚ ਪੇਸ਼ ਹੋਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

(ਅ) ਹੇਠ ਲਿਖੀ ਕਾਵਿ-ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (10)

"ਮੈਂ ਚੰਮ ਦੀ ਗੁੱਡੀ, ਖੇਡ ਲੈ, ਖਿਡਾ ਲੈ
ਲਹੂ ਦਾ ਪਿਆਲਾ ਪੀ ਲੈ, ਪਿਲਾ ਲੈ
... ... ... ... ... ... ...
... ... ... ... ... ... ...
ਮੇਰੀ ਜ਼ਬਾਨ 'ਤੇ ਇਨਕਾਰ ? ਇਹ ਕਿਵੇਂ ਹੋ ਸਕਦੈ
... ਹਾਂ ... ਪਿਆਰ ... ਇਹ ਤੇਰੇ ਮਤਲਬ ਦੀ ਸ਼ੈ ਨਹੀਂ ..."

P.T.O.

ਜਾਂ

"ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
... ... ... ... ... ... ...
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।"

3. ਪੰਜਾਬੀ ਭਾਸ਼ਾ ਦੇ 'ਆਰੰਭ ਤੇ ਵਿਕਾਸ' ਤੇ ਵਿਚਾਰ ਕਰੋ। (15)

ਜਾਂ

ਪੰਜਾਬੀ ਭਾਸ਼ਾ ਦੀਆਂ ਮੂਲ ਵਿਸ਼ੇਸ਼ਤਾਵਾਂ ਨਾਲ ਜਾਣ-ਪਛਾਣ ਕਰਾਉ।

4. ਜਨਮ ਜਾਂ ਮੌਤ ਨਾਲ ਸੰਬੰਧਤ ਰੀਤੀ-ਰਿਵਾਜ਼ਾਂ ਬਾਰੇ ਚਰਚਾ ਕਰੋ। (10)

ਜਾਂ

ਵਿਆਹ ਨਾਲ ਸੰਬੰਧਤ ਕੋਈ **ਦੋ** ਰੀਤੀ-ਰਿਵਾਜ਼ਾਂ ਬਾਰੇ ਸੰਖੇਪ ਜਾਣਕਾਰੀ ਦਿਉ।

5. ਹੇਠ ਲਿਖੇ ਵਿਸ਼ਿਆਂ 'ਚੋਂ ਕਿਸੇ **ਇਕ** 'ਤੇ ਲੇਖ ਲਿਖੋ : (10)
(ੳ) ਭ੍ਰਿਸ਼ਟਾਚਾਰ
(ਅ) ਸਮੇਂ ਦੀ ਕਦਰ
(ੲ) ਵੱਧ ਰਹੀ ਮਹਿੰਗਾਈ

6. ਹੇਠ ਲਿਖੇ ਕੋਈ ਦੋ ਅਖਾਣਾਂ ਦੇ ਵਾਕ ਬਣਾਉ : (5)
(ੳ) ਹੰਕਾਰਿਆ ਸੋ ਮਾਰਿਆ
(ਅ) ਇਕ ਚੁੱਪ ਦੇ ਸੌ ਸੁੱਖ
(ੲ) ਉਲਟੀ ਵਾੜ ਖੇਤ ਨੂੰ ਖਾਏ।

7. ਛੰਦ ਦੀ ਪਰਿਭਾਸ਼ਾ ਦੱਸਦੇ ਹੋਏ, ਕਿਸੇ **ਇਕ** ਛੰਦ ਬਾਰੇ ਲਿਖੋ। (5)